# ਰਾਗ-ਨਾਦ-ਧੁਨੀ

ਕੀਤਾ ਪਸਾਉ ਏਕੋ ਕਵਾਉ ॥
ਤਿਸਤੇ ਹੋਇ ਲਖ ਦਰੀਆਉ ॥ (ਪੰਨਾ-3)

ਸਾਚੇ ਤੇ ਪਵਨਾ ਭਇਆ ਪਵਨੈ ਤੇ ਜਲੁ ਹੋਇ ॥
ਜਲ ਤੇ ਤ੍ਰਿਭਵਣੁ ਸਾਜਿਆ ਘਟਿ ਘਟਿ ਜੋਤਿ ਸਮੋਇ ॥ (ਪੰਨਾ-19)

ਇਕ ਕਵਾਉ ਪਸਾਉ ਕਰਿ ਕੁਦਰਤਿ ਅੰਦਰਿ ਕੀਆ ਪਸਾਰਾ । (ਵਾ.ਭਾ.ਗੁ.8/1)

ਏਕੰਕਾਰਹੁ ਸਬਦ ਧੁਨਿ ਓਅੰਕਾਰ ਅਕਾਰੁ ਬਣਾਇਆ । (ਵਾ.ਭਾ.ਗੁ. 26/2)

ਇਹ ਕਵਾਉ, **ਜੋਤ**, **'ਅਨਹਦ-ਨਾਦ'** **ਜਾਂ** **'ਸਬਦ'** ਕਿਤੇ **ਮਧੱਮ** (faint) ਹੋ ਕੇ ਖਤਮ ਨਹੀਂ ਹੋ ਗਿਆ, ਬਲਕਿ ਸਾਰੇ ਪਸਾਰੇ ਵਿਚ **ਲਗਾਤਾਰ, ਓਤ-ਪੋਤ ਰਵਿਆ ਹੈ ।** ਇਸ ਦੀ ਗੂੰਜ ਨ ਘਟਦੀ ਹੈ, ਨ ਵੱਧਦੀ ਹੈ । ਲੋੜ ਕੇਵਲ ਇਸਨੂੰ **ਅਨੁਭਵ ਕਰਨ** ਦੀ ਹੀ ਹੈ ।

ਭੁਗਤਿ ਗਿਆਨੁ ਦਇਆ ਭੰਡਾਰਣਿ ਘਟਿ ਘਟਿ ਵਾਜਹਿ ਨਾਦ ॥ (ਪੰਨਾ-6)

ਜਿਮੀ ਜਮਾਨ ਕੇ ਬਿਖੈ ਸਮੱਸਤਿ ਏਕ ਜੋਤ ਹੈ
ਨ ਘਾਟਿ ਹੈ ਨ ਬਾਢਿ ਹੈ ਨ ਘਾਟਿ ਬਾਢਿ ਹੋਤ ਹੈ ॥ (ਅਕਾਲ ਉਸਤਤਿ ਪਾ: 90)

ਇਸੇ **'ਅਨਹਦ ਧੁਨੀ'** ਨੂੰ ਗੁਰਬਾਣੀ ਵਿਚ **'ਨਾਮ'**, **'ਸਬਦ,'** **'ਸਚ'**, **'ਹੁਕਮ'**, **ਜੀਵਨ-ਰੌਂ**, **'ਲਿਵ'** ਆਦਿ ਨਾਲ ਦਰਸਾਇਆ ਗਿਆ ਹੈ ਅਤੇ ਇਹੀ 'ਅਨਹਦ ਧੁਨੀ' ਇਤਨੀ **ਸ਼ਕਤੀਸ਼ਾਲੀ ਹੈ** ਕਿ ਇਸਦੇ ਆਸਰੇ ਦ੍ਰਿਸ਼ਟ ਅਤੇ ਅਦ੍ਰਿਸ਼ਟ ਦੁਨੀਆ ਦੀ **ਸਰਬ-ਸੰਭਾਲ, ਉਤਪਤ ਅਤੇ ਪਰਲੋ ਹੋ ਰਹੀ ਹੈ ।**

ਉਤਪਤਿ ਪਰਲਉ ਸਬਦੇ ਹੋਵੈ ॥
ਸਬਦੇ ਹੀ ਫਿਰਿ ਓਪਤਿ ਹੋਵੈ ॥ (ਪੰਨਾ-117)

ਹੁਕਮੇ ਧਾਰਿ ਅਧਰ ਰਹਾਵੈ ॥
ਹੁਕਮੇ ਉਪਜੈ ਹੁਕਮਿ ਸਮਾਵੈ ॥ (ਪੰਨਾ-277)

ਨਾਮ ਕੇ ਧਾਰੇ ਸਗਲੇ ਜੰਤ ॥
ਨਾਮ ਕੇ ਧਾਰੇ ਖੰਡ ਬ੍ਰਹਮੰਡ ॥



# LEKH 6 'RAAG-NAADH-DHUNEE'

1 *You created the vast expanse of the Universe with One Word!*
*Hundreds of thousands of rivers began to flow.* 3M1L16

2 *From the True Lord came the air, and from the air came water.*
*From water, He created the three worlds; in each and every heart He has infused His Light.* 19

3 *With one word the Lord created this creation and within that creation further expansion took place* V.Bh.G.8/1

4 *From the one creator emerged the sound current (the word) through which the creation came into being.* V.Bh.G.26/2

This voice, light, infinite sound-current or 'word' has not gone faint and disappeared, instead it is continuously inter-twined with the whole creation. Its resonance neither decreases or increases. The only need is to experience it.

5 *Let spiritual wisdom be your food, and compassion your attendant. The Sound-current of the Naad vibrates in each and every heart.* 6

6 *(The Lord) does not diminish nor does He expand. Neither does He become less nor more.* *(Akaal Ustat P.10)*

In Gurbani this limitless sound current is referred to as the 'Naam', 'Word', 'Truth', 'Command', 'Life-current'. This 'limitless sound current' is so powerful that the visible and the invisible world's total nurturing, growth and destruction depends entirely on it.

7 *Creation and destruction happen through the Word of the Shabad. Through the Shabad, creation happens again. .* 117

8 *By His Order, the world was created; by His Order, it shall merge again into Him.* 277

9 *Naam is the Support of all creatures. The Naam is the Support of the earth and solar systems.* *(cont. next page)* 284

ਨਾਮ ਕੇ ਧਾਰੇ ਸਿਮ੍ਰਿਤਿ ਬੇਦ ਪੁਰਾਨ ॥
ਨਾਮ ਕੇ ਧਾਰੇ ਸੁਨਨ ਗਿਆਨ ਧਿਆਨ ॥
ਨਾਮ ਕੇ ਧਾਰੇ ਆਗਾਸ ਪਾਤਾਲ ॥
ਨਾਮ ਕੇ ਧਾਰੇ ਸਗਲ ਆਕਾਰ ॥
ਨਾਮ ਕੇ ਧਾਰੇ ਪੁਰੀਆ ਸਭ ਭਵਨ ॥
ਨਾਮ ਕੈ ਸੰਗਿ ਉਧਰੇ ਸੁਨਿ ਸ੍ਰਵਨ ॥ (ਪੰਨਾ-284)

**'ਇਲਾਹੀ ਨਾਦ'** ਜੋ ਘਟ-ਘਟ ਵਿਚ **ਵੱਜ** ਰਿਹਾ ਹੈ, **ਇਸ ਨੂੰ ਹੀ** –

ਅਨਹਦ-ਨਾਦ
ਅਨਹਦ-ਸ਼ਬਦ
ਅਨਹਦ-ਧੁਨੀ
ਅਨਹਦ-ਝੁਨਕਾਰ
ਧੁਨਕਾਰ-ਧੁਨ
ਸ਼ਬਦ-ਧੁਨ
ਪੰਚ-ਸ਼ਬਦ
ਨਿਰਮਲ ਨਾਦ
ਰੁਣਝੁਣਕਾਰ
ਸਹਜ-ਧੁਨ

ਆਦਿ ਕਿਹਾ ਗਿਆ ਹੈ । ਇਹ ਹੀ **'ਏਕੋ-ਕਵਾਉ' ਦੀ 'ਬੋਲੀ' ਹੈ,** ਜੋ ਸਾਰੀ ਸ੍ਰਿਸ਼ਟੀ ਦਾ ਜ਼ੱਰਾ-ਜ਼ੱਰਾ **'ਨੇਤਿ ਨੇਤਿ ਬਨ ਤ੍ਰਿਣ ਕਹਤ'** ਅਨੁਸਾਰ **ਬੋਲ** ਰਿਹਾ ਹੈ ।

ਸਭੈ ਘਟ ਰਾਮੁ ਬੋਲੈ ਰਾਮਾ ਬੋਲੈ ॥
ਰਾਮ ਬਿਨਾ ਕੋ ਬੋਲੈ ਰੇ ॥ (ਪੰਨਾ-988)

ਚਾਤ੍ਰਿਕ ਮੋਰ ਬੋਲਤ ਦਿਨੁ ਰਾਤੀ ਸੁਨਿ ਘਨਿਹਰ ਕੀ ਘੋਰ ॥
ਜੋ ਬੋਲਤ ਹੈ ਮ੍ਰਿਗ ਮੀਨ ਪੰਖੇਰੂ
ਸੁ ਬਿਨੁ ਹਰਿ ਜਾਪਤ ਹੈ ਨਹੀ ਹੋਰ ॥ (ਪੰਨਾ-1265)

ਦੀਸਣਹਾਰ ਕਾਇਨਾਤ ਵਿਚ ਜੀਵ-ਜੰਤ, ਵਨਸਪਤੀ, ਪਹਾੜ, ਦਰਿਆ, ਚੰਦ, ਸੂਰਜ ਅਤੇ ਤਾਰੇ ਆਦਿ ਇਹ **'ਸਹਜ-ਧੁਨ'** ਯਾ **ਚੁੱਪ ਦੀ ਬੋਲੀ'** –

**ਰਾਗ-ਰੂਪ ਵਿਚ**
**ਸਬਦ-ਰੂਪ ਵਿਚ**
**ਧੁਨ-ਰੂਪ ਵਿਚ**

**ਹਰ ਵੇਲੇ ਹਰ ਥਾਂ ਬੋਲ ਰਹੇ ਹਨ ।**



1 *The Naam is the Support of the Simritees, the Vedas and the Puraanas.*
*The Naam is the Support by which we hear of spiritual wisdom and meditation.*
*The Naam is the Support of the Akaashic ethers and the nether regions.*
*The Naam is the Support of all bodies.*
*The Naam is the Support of all worlds and realms.*
*Associating with the Naam, listening to it with the ears, one is saved. 284*

This 'divine music' that is resounding in every heart is referred to as

limitless sound
limitless word
limitless music
limitless orchestral trill (jingling)
sound of unceasing vibrations
sound vibrations of the Word
sound of 5 musical instruments
pure sound vibration
incessant celestial music
spontaneous sound current

etc. This is the 'language of 'The One Word' which every tiny particle of the whole creation speaks out thus 'infinite-infinite, says the forests and plants'.

2 *Within all hearts, the Lord speaks, the Lord speaks. Who else speaks, other than the Lord? 988*

3 *The sparrow-hawks and the peacocks sing day and night, hearing the thunder in the clouds.*
*Whatever the deer, the fish and the birds sing,*
*they chant to the Lord, and no other. 1265*

In the visible world living beings, plants, mountains, moon, sun, and stars etc. speak the language of 'spontaneous sound-current' or the language of silence all the time, at every place

in the form of music
in the form of the Word
in the form of sound vibration.

ਘਟਿ ਘਟਿ ਵਾਜੈ ਕਿੰਗੁਰੀ ਅਨਦਿਨੁ ਸਬਦਿ ਸੁਭਾਇ ॥ (ਪੰਨਾ-62)

ਅਨਹਦ ਸਬਦੁ ਵਜੈ ਦਿਨੁ ਰਾਤੀ ॥
ਅਵਿਗਤ ਕੀ ਗਤਿ ਗੁਰਮੁਖਿ ਜਾਤੀ ॥ (ਪੰਨਾ-904)

ਤਹ ਅਨਹਦ ਸਬਦ ਵਜਹਿ ਧੁਨਿ ਬਾਣੀ
ਸਹਜੇ ਸਹਜਿ ਸਮਾਈ ਹੇ ॥ (ਪੰਨਾ-1069)

ਰਾਗ, ਸਾਜ਼, ਸੁਰ, ਲੈ, ਤਾਲ ਉਸ **'ਅਨਾਹਦ-ਨਾਦ'** ਯਾ **'ਅਨਾਹਦ-ਸ਼ਬਦ' ਦੇ ਅਕਸ ਮਾਤਰ ਪ੍ਰਗਟਾਉਣ ਦੇ ਸਾਧਨ ਹਨ।** ਇਹ 'ਰਾਗ', ਜਿਸ ਵਿਚੋਂ **ਰਸ-ਰੂਪ ਵਲਵਲੇ ਉਪਜਦੇ ਹਨ, ਜਿਸ ਨੂੰ ਕੋਈ ਵਿਰਲਾ ਹੀ ਅਨੁਭਵ ਦੁਆਰਾ 'ਬੁੱਝ' ਕੇ 'ਮਾਣ' ਸਕਦਾ ਹੈ।**

ਘਟਿ ਘਟਿ ਵਾਜੈ ਕਿੰਗੁਰੀ ਅਨਦਿਨੁ ਸਬਦਿ ਸੁਭਾਇ ॥
ਵਿਰਲੇ ਕਉ ਸੋਝੀ ਪਈ ਗੁਰਮੁਖਿ ਮਨੁ ਸਮਝਾਇ ॥ (ਪੰਨਾ-62)

ਰਾਗ ਰਤਨ ਪਰੀਆ ਪਰਵਾਰ ॥
ਤਿਸੁ ਵਿਚਿ ਉਪਜੈ ਅੰਮ੍ਰਿਤੁ ਸਾਰ ॥
ਨਾਨਕ ਕਰਤੇ ਕਾ ਇਹੁ ਧਨੁ ਮਾਲੁ ॥
ਜੇ ਕੋ ਬੂਝੈ ਏਹੁ ਬੀਚਾਰੁ ॥ (ਪੰਨਾ-351)

ਅਸੀਂ ਰਾਗ ਦੀ ਬਾਹਰੀ 'ਟੂੰ-ਟਾਂ' ਸੁਣ ਕੇ ਹੀ **'ਵਾਹ-ਵਾਹ' ਕਰ ਛੱਡਦੇ ਹਾਂ। 'ਤੱਤ-ਰਾਗ' ਦੀ ਸੋਝੀ ਕਿਸੇ ਵਿਰਲੇ ਨੂੰ ਹੀ ਹੁੰਦੀ ਹੈ।** ਜਣੇ-ਖਣੇ ਦੀ ਬੁੱਧੀ **'ਰਾਗ-ਤੱਤ ਨੂੰ ਪਕੜ ਨਹੀਂ ਸਕਦੀ।**

ਜਹਾ ਬੋਲ ਤਹ ਅਛਰ ਆਵਾ ॥
ਜਹ ਅਬੋਲ ਤਹ ਮਨੁ ਨ ਰਹਾਵਾ ॥
ਬੋਲ ਅਬੋਲ ਮਧਿ ਹੈ ਸੋਈ ॥
ਜਸ ਓਹੁ ਹੈ ਤਸ ਲਖੈ ਨ ਕੋਈ ॥ (ਪੰਨਾ-340)

ਅਜ ਤੋਂ ਕੋਈ 60 ਵਰ੍ਹੇ ਪਹਿਲੇ ਦੀ ਗੱਲ ਹੈ। 1930 ਵਿਚ ਅਸੀਂ ਲਾਇਲਪੁਰ 'ਚੁੱਪ-ਫਿਲਮ' (silent movie) ਦੇਖਣ ਗਏ। ਨਾਲ ਦੋ ਬਜ਼ੁਰਗ ਰਿਸ਼ਤੇਦਾਰ ਸਨ। ਉਹਨਾਂ ਵਿਚੋਂ ਇਕ ਦੀ ਆਯੂ ਲਗਭਗ 80 ਸਾਲ ਦੀ ਹੋਵੇਗੀ।

ਫ਼ਿਲਮ ਸ਼ੁਰੂ ਹੋਣ ਤੋਂ ਪਹਿਲਾਂ ਪਿਆਨੋ (piano) ਤੇ ਕੋਈ ਰਾਗ ਵਜਾ ਰਿਹਾ ਸੀ। ਵਡੇਰੇ ਬਜ਼ੁਰਗ ਦੀਆਂ ਉਂਗਲੀਆਂ ਹਿਲਣੀਆਂ ਸ਼ੁਰੂ ਹੋ ਗਈਆਂ, ਹੌਲੀ-ਹੌਲੀ ਫਿਰ ਸਰੀਰ ਵਿਚ ਹਰਕਤ ਆਉਣੀ ਆਰੰਭ ਹੋ ਗਈ, ਤੇ ਉਹ **ਰਾਗ ਲੀਨਤਾ** ਵਿਚ ਕੁਰਸੀ ਤੋਂ ਉਠੇ ਅਤੇ **ਨਚਣਾ**



1 *In each and every heart the Music of the Lord's Flute vibrates, night and day, with sublime love for the Shabad.* 62

2 *The unstruck sound current of the Shabad vibrates day and night.*
*The Gurmukh knows the state of the eternal, unchanging Lord God.* 904

3 *The unstruck sound current of the Shabad vibrates and resounds there, with the melody of the Guru's Bani; one is easily, intuitively absorbed in the Lord.* 1069

Melody, musical instrument, tune, rhythm is a attempt to manifest the reflection of that 'limitless sound-current' or the 'Infinite Word'. Emanating from this 'melody' are emotions of relish and blissfullness, which only the rare one can 'discover' and enjoy through intuition.

4 *In each and every heart the Music of the Lord's Flute vibrates, night and day, with sublime love for the Shabad.*
*Only those few who become Gurmukh understand this by instructing their minds.* 62

5 *The divine crystalline harmonies, their consorts, and their celestial families —*
*from them, the essence of Ambrosial Nectar is produced.*
*O Nanak, this is the wealth and property of the Creator Lord.*
*If only this essential reality were understood!* 351

On hearing only the external notes of melody most of us tend to say 'wow-wow'. Only a few have the awareness of the 'essence of melody'. Not every 'Dick, Tom or Harry' has the ability to capture this 'essence of melody'.

3.6 *Wherever there is speech, there are letters.*
*Where there is no speech, there, the mind rests on nothing.*
*He is in both speech and silence.*
*No one can know Him as He is.* 340

This is a story that dates back to more than 60 years. In 1930 we went to see a 'silent movie'. There were two elderly relations with us. One of them was about 80 years old.

Before the film started someone was playing a melody on the piano. The elderly gentleman's fingers began to move. Slowly the body began to sway. Absorbed in the melody he got up from his chair and began to dance and

ਸ਼ੁਰੂ ਕਰ ਦਿੱਤਾ, ਤੇ ਕਿੰਨੀ ਦੇਰ ਹੀ **ਬੇਖੁਦੀ ਦੀ ਅਵਸਥਾ ਵਿਚ ਨਚਦੇ ਹੀ ਰਹੇ** ਅਤੇ ਰਾਗ ਦੀ ਧੁਨ ਖਤਮ ਹੁੰਦੇ ਸਾਰ ਵਾਜੰਤ੍ਰੀ ਨੂੰ ਜੱਫੀ ਪਾ ਅੱਸ਼-ਅੱਸ਼ ਕਰ ਉੱਠੇ।

ਸਾਰੇ ਦਰਸ਼ਕ ਇਸ ਦ੍ਰਿਸ਼ ਨੂੰ ਦੇਖ ਕੇ ਹੈਰਾਨ ਅਤੇ ਚਕ੍ਰਿਤ ਹੋ ਰਹੇ ਸਨ। ਰਾਗ ਦੀਆਂ ਸੂਖਮ **ਤਰਬਾਂ ਆਮ ਦਰਸ਼ਕਾਂ ਦੀ ਸਮਝ ਤੋਂ ਪਰੇ ਦੀ ਗੱਲ ਸੀ।** ਉਹ ਸਾਰੇ ਰਾਗ ਸੁਣਨ ਦੀ ਥਾਂ, ਉਸ ਬਜ਼ੁਰਗ ਨੂੰ ਦੇਖ-ਦੇਖ ਕੇ ਹੀ ਅਨੰਦਿਤ ਹੋ ਰਹੇ ਸਨ। **ਪਰ ਰਾਗ ਨੇ ਉਸ ਬਜ਼ੁਰਗ ਦੀਆਂ ਅੰਦਰਲੀਆਂ ਤਰਬਾਂ ਨੂੰ ਜਾ ਹਲੂਣਿਆ ਅਤੇ ਉਸ ਦਾ ਅੰਦਰਲਾ 'ਸੁੱਤਾ-ਰਾਗ' ਜਗਾ ਦਿੱਤਾ।**

ਅਸੀਂ ਸਾਰੇ ਰਾਗ ਦੇ **ਅਸਲ 'ਤੱਤ' ਤੋਂ ਅਣਜਾਣ ਸਾਂ।** ਸਾਡੇ ਵਿਚੋਂ, ਉਹ ਬਜ਼ੁਰਗ ਹੀ ਸਨ, ਜਿਨ੍ਹਾਂ ਦੀ **ਸੁਰਤ ਨੇ ਉਸ ਗੁੱਝੇ 'ਰਾਗ ਤੱਤ' ਨੂੰ ਫੜਿਆ ਅਤੇ ਉਸ ਦਾ ਵਿਸਮਾਦੀ ਰੰਗ ਮਾਣਿਆ।**

ਵਾਸਤਵ ਵਿਚ ਰਾਗ **ਬੁੱਧੀ ਦੇ ਦਾਇਰੇ ਦੀ ਵਸਤੂ ਨਹੀਂ।** ਇਹ ਤਾਂ ਬੁੱਧੀ ਦੀ **ਪਕੜ ਤੋਂ ਪਰੇ ਦੀ ਚੀਜ਼ ਹੈ ਅਤੇ ਸੂਖਮ ਤੱਤ ਹੈ।** ਇਸ ਨੂੰ **'ਅਨੁਭਵੀ ਸੁਰਤ' ਵਾਲਾ ਹੀ ਸਮਝ, ਪਕੜ ਅਤੇ ਮਾਣ ਸਕਦਾ ਹੈ।** ਦੂਸਰਾ ਤਾਂ ਬਾਹਰਲੀ ਸੁਰ, ਲੈਅ, ਤਾਲ ਸੁਣ ਕੇ ਹੀ ਮਾਨਸਿਕ ਅਨੰਦ ਮਾਣ ਲੈਂਦਾ ਹੈ। **'ਅਸਲ-ਤੱਤ'** ਤਕ ਪੁਜਣਾ **ਤੱਤ ਨੂੰ ਬੁੱਝਣਾ, ਉਸ ਦੇ ਵੱਸ ਦੀ ਗੱਲ ਨਹੀਂ ਹੁੰਦੀ।** ਇਹ ਤਾਂ **'ਰੱਬੀ-ਦੇਸ਼'** ਅਥਵਾ **'ਅਨੁਭਵੀ ਮੰਡਲਾਂ' ਦੀ ਅਮੋਲਕ ਦਾਤ ਹੈ।** ਇਸੇ ਲਈ ਸਤਿਗੁਰਾਂ ਨੇ **'ਰੱਬੀ-ਬਾਣੀ' ਨੂੰ ਰਾਗਾਂ ਵਿਚ ਉਚਾਰਨ ਕੀਤਾ ਹੈ।** ਰਾਗ ਹੀ ਆਤਮਿਕ-ਮੰਡਲ ਦੀ **ਗੁੱਝੀ 'ਚੁੱਪ ਬੋਲੀ' ਹੈ।** ਕਿਸੇ ਨ ਕਿਸੇ ਸ਼ਕਲ ਵਿਚ, **ਰਾਗ** ਹਰ ਇਕ ਦੀ ਸੁਰਤ ਨੂੰ **ਖਿੱਚਣ ਅਤੇ ਜੋੜਨ ਦੀ ਤਾਸੀਰ ਰਖਦਾ ਹੈ।** ਮਨੁੱਖ ਤਾਂ ਕੀ, ਪਸ਼ੂ-ਪੰਛੀਆਂ ਤੇ ਭੀ ਇਸ ਦਾ ਅਸਰ ਦੇਖਿਆ ਗਿਆ ਹੈ।

**ਅਸਲ** ਵਿਚ ਰਾਗ ਨੂੰ ਆਪਾਂ ਆਮ ਸਾਧਾਰਣ ਬੰਦੇ ਸੁਣਦੇ ਅਤੇ ਮਾਣਦੇ ਹਾਂ, ਇਹ ਉਸ 'ਅਨਹਦ-ਨਾਦ' (Divine music) ਦਾ **'ਅਕਸ-ਮਾਤਰ' ਬਾਹਰਲਾ ਪ੍ਰਗਟਾਵਾ ਹੈ।** ਸੂਖਮ 'ਇਲਾਹੀ-ਨਾਦ' ਦਾ ਪ੍ਰਗਟਾਵਾ ਮੋਟੀ-ਠੁੱਲੀ ਬੁੱਧੀ ਵਾਲੇ ਜੀਵ ਨਹੀਂ ਮਾਣ ਸਕਦੇ।

ਧੁਨਿਤ ਲਲਿਤ ਗੁਨਗੵ ਅਨਿਕ ਭਾਂਤਿ
ਬਹੁ ਬਿਧਿ ਰੂਪ ਦਿਖਾਵਨੀ ਨੀਕੀ ॥ (ਪੰਨਾ-1272)

**ਰਾਗ ਦਾ ਤੱਤ** ਯਾ **'ਅਨਹਦ ਸ਼ਬਦ'** ਅਤਿ ਸੂਖਮ ਵਸਤੂ ਹੋਣ ਕਾਰਨ, ਸਾਡੀ ਸਥੂਲ ਬੁੱਧੀ **ਪਕੜ ਨਹੀਂ ਸਕਦੀ। ਸੂਖਮ ਵਸਤੂ ਨੂੰ ਪਕੜਨ ਲਈ, ਸੂਖਮ ਬੁੱਧੀ ਜਾਂ 'ਅਨੁਭਵ' ਦੀ ਲੋੜ ਹੈ।** 'ਬਾਹਰਲੇ ਰਾਗ' ਦੀ ਸੁਰ, ਲੈਅ, ਤਾਲ ਨੂੰ ਫੜਨ ਦੀ ਭੀ ਹਰ-ਇਕ ਵਿਚ **ਵੱਖਰੋ-ਵੱਖਰੀ ਯੋਗਤਾ ਹੈ।** ਉਂਜ ਰਾਗ ਹਰ ਇਕ ਦੇ ਕੰਨ ਨੂੰ ਸੁਖਾਵਾਂ ਅਤੇ ਪਿਆਰਾ ਲਗਦਾ ਹੈ ਅਤੇ ਖਿੱਚ ਪਾਉਂਦਾ ਹੈ। ਸ਼ੈਕਸਪੀਅਰ ਕਵੀ ਨੇ ਤਾਂ ਇਥੋਂ ਤਕ ਕਹਿ ਦਿੱਤਾ ਸੀ,



in this state of ecstasy he continued to dance for a long time. When the melody stopped he embraced the pianist in emotional excitement.

All those who witnessed this were absolutely amazed. The sublime notes of the melody were beyond the understanding of most of the people. Instead of listening to the melody, they were seeing the old man and enjoying themselves. But the melody went and excited the internal chords of the old man, and awaken the internal 'dormant melody'.

All of us are ignorant of the pure 'essence' of melody. Amongst us there was this one and only elderly man whose consciousness captured the profound 'essence of melody' and enjoyed its blissful effect.

In fact, melody does not come within the ambit (circumference) of intelligence. This thing is beyond the grasp of the intelligence. It is a very subtle element. It can only be understood, grasped and enjoyed by one who has developed his 'intuitional consciousness'. Others can only mentally enjoy the external effect of the notes, rhythm and beat when they hear it. It is not within our means to be able to reach out to the 'pure essence' and discover the essence. This is the priceless gift of the 'spiritual world or the 'intuitional realm'. It is for this reason the Satgurus have uttered the 'Spiritual Bani' in melody form. Melody is the secret and 'silent language' of the divine realm. No matter what form it is, melody has the power of attraction and attachment over the consciousness of each one of us. Let alone humans, its effect has also been seen over animals and birds.

In reality, ordinary people like us listen to and enjoy melody. This is only the tiny reflection and the external manifestation of the 'Divine Music'. The manifestation of the subtle 'Divine Music' cannot be enjoyed by the gross minded (uncultivated) human beings.

*1 The most worthy beings sing God's Praises in beautiful harmonies, in all sorts of ways, in myriads of sublime forms. 1272*

The essence of melody or 'infinite sound current' cannot be grasped by our gross (uncultivated) consciousness. To grasp a subtle (fine) thing you need subtle consciousness or 'intuition'. The ability to comprehend the notes, rhythm and beat of external melody also varies from person to person. Generally, melody sounds peaceful and beautiful to everyone's ears and exerts a pull. Shakespeare even went so far as to say that

ਕਿ ਉਹ ਲੋਕ **ਫਾਹੇ ਲਾਉਣ ਯੋਗ ਹਨ, ਜਿਨ੍ਹਾਂ ਦੇ 'ਰਾਗ' ਸੁਣਨ ਵਾਲੇ ਕੰਨ ਨਹੀਂ ਹਨ।**

ਗੁਰੂ ਸਾਹਿਬਾਂ ਨੇ ਗੁਰਬਾਣੀ ਗਾਇਨ ਕਰਨ ਲਈ 'ਰਾਗਾਂ' ਨੂੰ **ਵਰਤਿਆ ਹੈ**, ਤਾਂ ਕਿ ਇਸਦੇ ਜ਼ਰੀਏ, ਕੋਮਲ ਹੋਏ-ਹੋਏ ਮਨ ਤੇ ਗੁਰਬਾਣੀ ਦੇ **ਇਲਾਹੀ ਤੀਰਾਂ ਦਾ ਡੂੰਘਾ ਅਸਰ ਹੋਵੇ।** ਸਤਿਗੁਰਾਂ ਨੇ ਇੰਞ ਰਾਗਾਂ ਨੂੰ, ਮਾਨਸਿਕ ਮਨੋਰੰਜਨ ਲਈ **ਵਰਤੋਂ ਦੀ ਥਾਂ ਤੋਂ ਚੁੱਕ ਕੇ ਇਲਾਹੀ ਗੁਣ ਗਾਇਨ ਕਰਨ ਲਈ ਵਰਤਿਆ** ਤੇ ਗੁਰਬਾਣੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਕੀਤਾ ਅਤੇ **'ਇਲਾਹੀ-ਰੰਗਣ' ਚਾੜ੍ਹੀ।**

ਇਸ ਨੂੰ ਹੋਰ ਸਪਸ਼ਟ ਕਰਨ ਲਈ ਇਹ ਦੱਸਣਾ ਜਰੂਰੀ ਹੈ ਕਿ **ਗੁਰਬਾਣੀ** ਵਿਚ ਪ੍ਰਮਾਤਮਾ ਦੇ **ਇਲਾਹੀ ਪ੍ਰੇਮ ਦੀ 'ਅਨਹਦ ਧੁਨੀ' ਓਤ-ਪੋਤ ਹੈ** ਅਤੇ **ਰਾਗ-ਨਾਦ** ਵੀ ਇਸੇ ਅਨਹਦ ਧੁਨੀ ਦੇ **ਪ੍ਰਗਟਾਵੇ ਦਾ ਸਾਧਨ ਹਨ।**

ਇਸ ਲਈ **ਗੁਰਬਾਣੀ ਦੇ ਸ਼ਬਦ ਵਿਚ ਜੋ ਵੀ ਵਲਵਲਾ ਪ੍ਰਧਾਨ ਹੁੰਦਾ ਹੈ** ਉਸ ਨੂੰ **ਰਾਗ-ਨਾਦ ਵਧਾ** (amplify) **ਕੇ ਹੋਰ ਵੀ ਤੀਬਰ ਅਤੇ ਤੀਖਣ ਕਰ ਦਿੰਦਾ ਹੈ** ਅਤੇ ਸਾਡਾ **ਅਮੋੜ ਅਤੇ ਕਠੋਰ ਮਨ ਦ੍ਰਵ ਕੇ ਅਪਣੇ ਆਪ ਉਸ ਵਲਵਲੇ ਦੇ ਦਰਿਆ ਵਿਚ ਤਾਰੀਆਂ ਲਾਉਂਦਾ ਹੋਇਆ ਆਤਮਿਕ ਅਨੰਦ ਮਾਣਦਾ ਹੈ ਅਤੇ 'ਅਨਹਦ-ਧੁਨੀ' ਦੀਆਂ ਝਲਕਾਂ ਨੂੰ ਅਨੁਭਵ ਕਰਦਾ ਹੈ।**

ਹੇਠ ਲਿਖੇ ਗੁਰਬਾਣੀ ਦੇ ਪ੍ਰਮਾਣਾਂ ਤੋਂ ਇਹ ਵਿਚਾਰ ਹੋਰ ਸਪਸ਼ਟ ਹੋ ਜਾਂਦੀ ਹੈ—

ਰਾਗਾ ਵਿਚਿ ਸ੍ਰੀ ਰਾਗੁ ਹੈ ਜੇ ਸਚਿ ਧਰੇ ਪਿਆਰੁ ॥ (ਪੰਨਾ-83)

ਗਉੜੀ ਰਾਗਿ ਸੁਲਖਣੀ ਜੇ ਖਸਮੈ ਚਿਤਿ ਕਰੇਇ ॥ (ਪੰਨਾ-311)

ਹਰਿ ਉਤਮੁ ਹਰਿਪ੍ਰਭ ਗਾਵਿਆ ਕਰਿ ਨਾਦੁ ਬਿਲਾਵਲੁ ਰਾਗੁ ॥ (ਪੰਨਾ-849)

ਰਾਮਕਲੀ ਰਾਮੁ ਮਨਿ ਵਸਿਆ ਤਾ ਬਨਿਆ ਸੀਗਾਰ ॥ (ਪੰਨਾ-950)

ਕੇਦਾਰਾ ਰਾਗਾ ਵਿਚਿ ਜਾਣੀਐ ਭਾਈ ਸਬਦੇ ਕਰੇ ਪਿਆਰੁ ॥ (ਪੰਨਾ-1087)

ਮਲਾਰੁ ਸੀਤਲ ਰਾਗੁ ਹੈ ਹਰਿ ਧਿਆਇਐ ਸਾਂਤਿ ਹੋਇ ॥ (ਪੰਨਾ-1283)

ਗੁਰਮੁਖਿ ਮਲਾਰ ਰਾਗੁ ਜੋ ਕਰਹਿ ਤਿਨ ਮਨੁ ਤਨੁ ਸੀਤਲੁ ਹੋਇ ॥(ਪੰਨਾ-1285)

ਧਨਾਸਰੀ ਧਨਵੰਤੀ ਜਾਣੀਐ ਭਾਈ
ਜਾਂ ਸਤਿਗੁਰ ਕੀ ਕਾਰ ਕਮਾਇ ॥ (ਪੰਨਾ-1419)



those people who have no ear for music deserve to be hung.

The revered Gurus have used 'ragaas' to sing Gurbani, principally to allow the spiritual arrows of Gurbani to have a deeper effect on the mind that has turned sublime. In this way the satgurus have lifted the 'raagaas' from the level of mental amusement and used them to sing divine attributes and entered Gurbani into Sri Guru Granth Sahib and gave it the 'hue of divinity'.

It is important to clarify here that the 'infinite sound current' of the Creator's divine love in intertwined with Gurbani and the melody of ragaas too is the means of manifesting this 'infinite sound current.

In this way which ever emotion is the mainstay in a Gurbani shabad, the melody of raag will amplify it and make it more intense and sharp thereby softening our irreversible and stubborn mind and making it swim in the ocean of that emotion and enjoy spiritual bliss and experience the flashes of the 'Infinite Sound Current'.

Gurbani quotation that appear below make this view all the more clearer.

1 *Among the ragas, Siree Raag is the best, if it inspires you to enshrine love for the True Lord.* 83

2 *Gauree Raga is auspicious, if, through it, one comes to think of his Lord and Master.* 311

3 *Be happy and sing in Bilaaval, when the Naam, the Name of the Lord, is in your mouth.* 849

4 *In Raamkalee, I have enshrined the Lord in my mind; thus I have been embellished.* 950

5 *Among the ragas, Kaydaaraa Raga is known as good, O Siblings of Destiny, if through it, one comes to love the Word of the Shabad,* 1087

6 *Malaar is a calming and soothing raga; meditating on the Lord brings peace and tranquillity.* 1283

7 *Those Gurmukhs who sing in the Raga of Malaar — their minds and bodies become cool and calm.* 1285

8 *In Dhanaasaree, the soul-bride is known to be wealthy, O Siblings of Destiny, when she works for the True Guru.* 1419

ਸੋਰਠਿ ਸੋ ਰਸੁ ਪੀਜੀਐ ਕਬਹੂ ਨ ਫੀਕਾ ਹੋਇ ॥
ਨਾਨਕ ਰਾਮ ਨਾਮ ਗੁਨ ਗਾਈਅਹਿ ਦਰਗਹ ਨਿਰਮਲ ਸੋਇ ॥ (ਪੰਨਾ-1425)

ਬਾਹਰਲੇ ਰਾਗ-ਨਾਦ 'ਅਨਹਦ-ਧੁਨ' ਜਾਂ 'ਸਹਜ-ਧੁਨ' ਦਾ **'ਅਕਸ' ਹੋਣ ਕਰਕੇ,** ਗੁਰੂ ਸਾਹਿਬਾਂ ਨੇ ਨਿਰੰਕਾਰ ਦੀ ਸਿਫਤ-ਸ਼ਲਾਘਾ ਦੇ ਨਾਲ-ਨਾਲ, ਇਹਨਾਂ **ਰਾਗਾਂ-ਨਾਦਾਂ ਨੂੰ ਭੀ ਸਲਾਹਿਆ ਹੈ।**

ਧੰਨ ਸੁ ਰਾਗ ਸੁਰੰਗੜੇ ਆਲਾਪਤ ਸਭ ਤਿਖ ਜਾਇ ॥
ਧੰਨ ਸੁ ਜੰਤ ਸੁਹਾਵੜੇ ਜੋ ਗੁਰਮੁਖਿ ਜਪਦੇ ਨਾਉ ॥ (ਪੰਨਾ-958)

ਨਾਨਕ ਨਿਰਮਲ ਨਾਦੁ ਸਬਦ ਧੁਨਿ
ਸਚੁ ਰਾਮੈ ਨਾਮਿ ਸਮਾਇਦਾ ॥ (ਪੰਨਾ-1038)

ਸਭਨਾ ਰਾਗਾਂ ਵਿਚਿ ਸੋ ਭਲਾ ਭਾਈ ਜਿਤੁ ਵਸਿਆ ਮਨਿ ਆਇ ॥
ਰਾਗੁ ਨਾਦੁ ਸਭੁ ਸਚੁ ਹੈ ਕੀਮਤਿ ਕਹੀ ਨ ਜਾਇ ॥
ਰਾਗੈ ਨਾਦੈ ਬਾਹਰਾ ਇਨੀ ਹੁਕਮੁ ਨ ਬੂਝਿਆ ਜਾਇ ॥ (ਪੰਨਾ-1423)

ਸਤਿਗੁਰਾਂ ਨੇ **ਇਲਾਹੀ ਗੁਣ ਗਾਇਨੇ ਕਰਨ ਲਈ 'ਰਾਗਾਂ' ਨੂੰ ਵਰਤਿਆ ਹੈ,** ਪਰ ਅਜਕਲ ਇਸ ਤੋਂ **ਐਨ ਉਲਟ ਰਾਗ-ਵਿਦਿਆ ਦਾ 'ਵਿਖਾਵਾ' ਕਰਨ ਲਈ ਇਲਾਹੀ ਗੁਰਬਾਣੀ ਨੂੰ ਵਰਤਿਆ ਜਾਂਦਾ ਹੈ, ਤੇ ਗੁਰਬਾਣੀ ਦੀ ਅਵੱਗਿਆ ਹੋ ਰਹੀ ਹੈ।**

ਕੋਈ ਗਾਵੈ ਰਾਗੀ ਨਾਦੀ ਬੇਦੀ ਬਹੁ ਭਾਤਿ ਕਰਿ
ਨਹੀ ਹਰਿ ਹਰਿ ਭੀਜੈ ਰਾਮ ਰਾਜੇ ॥
ਜਿਨਾ ਅੰਤਰਿ ਕਪਟੁ ਵਿਕਾਰੁ ਹੈ ਤਿਨਾ ਰੋਇ ਕਿਆ ਕੀਜੈ ॥ (ਪੰਨਾ-450)

ਭਗਤਿ ਨਾਰਦੀ ਰਿਦੈ ਨ ਆਈ ਕਾਛਿ ਕੂਛਿ ਤਨੁ ਦੀਨਾ ॥
ਰਾਗ ਰਾਗਨੀ ਡਿੰਭ ਹੋਇ ਬੈਠਾ ਉਨਿ ਹਰਿ ਪਹਿ ਕਿਆ ਲੀਨਾ ॥ (ਪੰਨਾ-654)

ਗੀਤ ਰਾਗ ਘਨ ਤਾਲ ਸਿ ਕੂਰੇ ॥
ਤ੍ਰਿਹੁ ਗੁਣ ਉਪਜੈ ਬਿਨਸੈ ਦੂਰੇ ॥
ਦੂਜੀ ਦੁਰਮਤਿ ਦਰਦੁ ਨ ਜਾਇ ॥
ਛੂਟੈ ਗੁਰਮੁਖਿ ਦਾਰੂ ਗੁਣ ਗਾਇ ॥ (ਪੰਨਾ-832)

ਦੂਜੈ ਭਾਇ ਬਿਲਾਵਲੁ ਨ ਹੋਵਈ ਮਨਮੁਖਿ ਥਾਇ ਨ ਪਾਇ ॥
ਪਾਖੰਡਿ ਭਗਤਿ ਨ ਹੋਵਈ ਪਾਰਬ੍ਰਹਮੁ ਨ ਪਾਇਆ ਜਾਇ ॥ (ਪੰਨਾ-849)



1 *In Raga Sorat'h, drink in this sublime essence, which never loses its taste. O Nanak, singing the Glorious Praises of the Lord's Name, one's reputation is immaculate in the Court of the Lord.* 1425

The external music-melody, being the reflection of the 'Eternal Sound Current' or the 'Spontaneous-Sound Current' has also been praised by Guru Ji along side with the praise and glory of the Formless One.

2 *Blessed are those beautiful Ragas which, when chanted, quench all thirst. Blessed are those beautiful people who, as Gurmukh, chant the Name of the Lord.* 958

3 *O Nanak, the immaculate sound current of the Naad, and the Music of the Shabad resound; one merges into the True Name of the Lord.* 1038

4 *Among all Ragas, that one is sublime, O Siblings of Destiny, by which the Lord comes to abide in the mind. Those Ragas which are in the Sound-current of the Naad are totally true; their value cannot be expressed. Those Ragas which are not in the Sound-current of the Naad — by these, the Lord's Will cannot be understood.* 1423

The Satgurus have used 'ragaas' to sing the Divine Virtues, but nowadays diametrically opposed to this, when making a 'show' of raag knowledge, the Divine Gurbani is used thus belittling Gurbani.

5 *Some sing of the Lord, through musical Ragas and the sound current of the Naad, through the Vedas, and in so many ways, but the Lord, Har, Har, is not pleased by these, O Lord King.*
*Those who are filled with fraud and corruption within — what good does it do for them to cry out?* 450

6 *Loving devotional worship does not enter into your heart; pampering and adorning your body, you must still give it up.*
*You sit and play music, but you are still a hypocrite; what do you expect to receive from the Lord?* 654

7 *The various songs, tunes and rhythms are false.*
*Trapped by the three qualities, people come and go, far from the Lord.*
*In duality, the pain of their evil-mindedness does not leave them.*
*But the Gurmukh is emancipated by taking the medicine, and singing the Glorious Praises of the Lord.* 832

8 *In the love of duality, the happiness of Bilaaval does not come; the self-willed manmukh finds no place of rest.*
*Through hypocrisy, devotional worship does not come, and the Supreme Lord God is not found.* 849

ਰਾਗਿ ਨਾਦਿ ਮਨੁ ਦੂਜੈ ਭਾਇ ॥
ਅੰਤਰਿ ਕਪਟੁ ਮਹਾ ਦੁਖੁ ਪਾਇ ॥
ਸਤਿਗੁਰੁ ਭੇਟੈ ਸੋਝੀ ਪਾਇ ॥
ਸਚੈ ਨਾਮਿ ਰਹੈ ਲਿਵ ਲਾਇ ॥ (ਪੰਨਾ-1342)

ਰਾਗ, ਨਾਦ—'ਅਨਹਦ-ਧੁਨੀ' ਦਾ **ਅਕਸ** (Reflection) ਹੋਣ ਕਾਰਨ, ਸ਼ਬਦ ਦੀ ਬੇਅੰਤ-ਸ਼ਕਤੀ ਦੇ ਪ੍ਰਤੀਕ ਅਤੇ ਪ੍ਰਗਟਾਵਾ ਹਨ। ਜਿਵੇਂ ਕਿ **ਰਾਗ-ਸ਼ਕਤੀ** ਦੁਆਰਾ ਤਾਨਸੇਨ (Tansen) ਨੇ ਪੱਥਰ ਨੂੰ ਪਿਘਲਾ ਕੇ ਨੇਜ਼ਾ ਪੱਥਰ ਵਿਚ ਗੱਡ ਦਿਤਾ ਸੀ, ਅਤੇ ਮੀਂਹ ਪੈਣਾ ਜਾਂ ਅੱਗ ਲੱਗਣੀ ਏਸੇ **ਰਾਗ-ਸ਼ਕਤੀ ਦੀਆਂ ਕਰਾਮਾਤਾਂ ਹਨ।**

ਰਾਗ ਦਾ **ਅਸਥੂਲ ਸਰੂਪ** ਸਾਜਾ ਵਿਚੋਂ ਪ੍ਰਗਟ ਹੁੰਦਾ ਹੈ, ਪਰ ਸਾਜ਼ਾਂ ਦੀ **ਧੁਨ ਦਾ ਸੂਖਮ ਸਰੂਪ ਤਾਰਾਂ ਦੀ ਥਰਥਰਾਹਟ ਹੈ**, ਅਤੇ ਇਹ **ਥਰਥਰਾਹਟ** (Vibration) ਸੁਰ, ਲੈਅ, ਤਾਲ ਦੁਆਰਾ **ਅੰਦਰਲੇ ਤਰੰਗਾਂ ਰੂਪ ਵਲਵਲੇ ਦਾ ਪ੍ਰਗਟਾਵਾ ਹੈ।** ਇਹ ਥਰਥਰਾਹਟ 'ਰੁਣਝੁਣ' ਯਾ ਵਲਵਲੇ, **'ਅੰਦਰਲੀ ਭਾਸ਼ਾ' ਦਾ ਅਸਥੂਲ ਰੂਪ ਹੈ ਅਤੇ ਬਾਹਰਲੀ ਬੋਲੀ ਦਾ ਸੂਖਮ ਰੂਪ ਹੈ।**

ਜਿਵੇਂ ਕਿ. ਗਰਾਮੋਫੋਨ ਦੇ ਰਿਕਾਰਡ ਤੇ ਜੋ ਭਾਸ਼ਾ ਉਕਰੀ ਹੁੰਦੀ ਹੈ ਉਸ ਨੂੰ **'ਥਰਥਰਾਹਟ' ਯਾ 'ਥਰਕੰਬਣੀ'** ਕਹਿੰਦੇ ਹਨ। ਇਹ ਗਰਾਮੋਫੋਨ ਦੀ ਉਕਰੀ ਹੋਈ ਭਾਸ਼ਾ **'ਅੰਦਰਲੀ ਰੁਣ-ਝੁਣ' ਦਾ ਅਸਥੂਲ ਸਰੂਪ ਹੈ।**

ਗੁਰਬਾਣੀ ਦੀ ਪੰਗਤੀ "ਸਾਚਾ ਸਾਹਿਬੁ ਸਾਚੁ ਨਾਇ ਭਾਖਿਆ ਭਾਉ ਅਪਾਰੁ" ਅਨੁਸਾਰ, **ਪ੍ਰਮਾਤਮਾ ਦੀ 'ਬੋਲੀ' ਅਥਾਹ ਪ੍ਰੇਮ ਵਾਲੀ ਹੈ ਅਤੇ ਇਹ ਚੁੱਪ, ਅਦ੍ਰਿਸ਼ਟ, ਸੂਖਮ 'ਬੋਲੀ' ਸਾਰੀ ਸ੍ਰਿਸ਼ਟੀ ਵਿਚ ਲਗਾਤਾਰ ਇਕ ਰਸ ਭਰਪੂਰ ਹੈ ਅਤੇ 'ਅਨਹਦ-ਨਾਦ' ਦੀ ਤਰ੍ਹਾਂ ਅਨੇਕਾਂ ਵਲਵਲਿਆਂ ਰੂਪਾਂ, ਤਰੰਗਾਂ, ਥਰਥਰਾਹਟ ਅਤੇ ਲਹਿਰਾਂ ਵਿਚ ਗੱਜ ਰਹੀ ਹੈ।**

ਜੱਤ੍ਰ ਤੱਤ੍ਰ ਦਿਸਾ ਵਿਸਾ ਹੁਇ ਫੈਲਿਓ ਅਨੁਰਾਗ ॥ (ਜਾਪੁ ਪਾ: 10)

ਇਲਾਹੀ ਪ੍ਰੇਮ ਦੀ ਇਸ **'ਚੁਪ-ਬੋਲੀ'** ਨੂੰ ਹੀ ਗੁਰਬਾਣੀ ਵਿਚ **'ਅਨਹਦ-ਸਬਦ'** ਜਾਂ **'ਅਨਹਦ-ਧੁਨ'** ਆਦਿ ਨਾਲ ਦਰਸਾਇਆ ਗਿਆ ਹੈ।

ਅਜਪਾ ਜਾਪੁ ਜਪੈ ਮੁਖਿ ਨਾਮ ॥ (ਪੰਨਾ-840)

ਅਚਿੰਤ ਹਮਾਰੈ ਅਨਹਤ ਵਾਜੈ ॥
ਅਚਿੰਤ ਹਮਾਰੈ ਗੋਬਿੰਦੁ ਗਾਜੈ ॥ (ਪੰਨਾ-1157)

ਅਜਪਾ ਜਾਪੁ ਨ ਵੀਸਰੈ ਆਦਿ ਜੁਗਾਦਿ ਸਮਾਇ ॥ (ਪੰਨਾ-1291)

ਵਾਹਿਗੁਰੂ ਗੁਰੂ ਸਬਦੁ ਲੈ ਪਿਰਮ ਪਿਆਲਾ ਚੁਪਿ ਚਬੋਲਾ ॥ (ਵਾ.ਭਾ.ਗੁ 4/17)



*1 In music and song, the mind is caught by the love of duality.*
*Filled with deception deep within, one suffers in terrible pain.*
*Meeting with the True Guru, one is blessed with clear understanding,*
*and remains lovingly attuned to the True Name.* *1342*

Music, melody - being a reflection of the 'Infinite -Sound Current' is a symbol and manifestation of the all powerful Shabad or Word. For example Taansen by the power of music was able to soften stone and pierce a spear into it and making rain fall or starting a fire are also the miracles of this music-power.

The sublime form of music is created from musical instruments, but the subtle forms of the musical instruments are the vibrations of the wires and these vibrations, through tune, melody, beat are the manifestation of the internal wave forms and emotions. These 'jingling' vibrations or emotions are the sublime forms of the 'internal language' and the subtle forms of the external language.

For example the language that is cut out on the gramophone record is called the vibration or quiver. This language that is cut out on the gramophone record is the subtle form of the 'internal jingling'.

According to the Gurbani quotation 'God is True, His Name is True and those who repeat His Name lovingly are also True', the Infinite Lord's language is an unfathomable language of love and this silent, invisible, subtle language continuously and constantly fills the whole creation and like the 'infinite sound current' it thunders in multifarious emotions, forms, thoughts, vibrations and waves.

*2 God is present at every place on every side and in every corner and His universal love exists everywhere.* *Jaap P10*

This 'silent language' of divine love is the one which is referred to as 'infinite word' or 'infinite sound current' in Gurbani.

*3 Chant the unchanted Chant of the Naam with your mouth.* *840*

*4 Spontaneously, the Unstruck Melody of the Sound-current resounds within me.*
*Spontaneously, the Lord of the Universe has revealed Himself to me.* *1157*

*5 It does not forget the Chant which is chanted without chanting; it is immersed in the Primal Lord God of the ages.* *1291*

*6 Receiving the Gurmantar from the Guru (the seeker) silently drinks from the vessel of love.* *Bh.G.4/17*

ਇਸ **ਪ੍ਰੇਮ ਦੀ 'ਚੁੱਪ-ਬੋਲੀ'** ਦੀ ਇਹ ਹੀ ਖੂਬੀ ਹੈ ਕਿ ਇਸ ਨੂੰ **ਵਲਵਲੇ ਭਰਪੂਰ 'ਸੁਰਤ-ਰੂਪੀ-ਜ਼ਬਾਨ' ਨਾਲ ਬੋਲਦਿਆਂ ਨਾ ਤੇ ਕਦੀ ਜਗਿਆਸੂ ਥੱਕਦਾ ਹੈ ਅਤੇ ਨਾ ਹੀ ਕਦੀ ਰੱਜਦਾ ਹੈ ।** ਜਿਉਂ-ਜਿਉਂ ਇਹ **ਬੋਲੀ ਬੋਲਦਾ ਹੈ** ਤਿਉਂ-ਤਿਉਂ ਹੋਰ **ਮਸਤ ਹੋ ਕੇ 'ਧੁਨ-ਰੂਪ' ਜਾਂ 'ਪ੍ਰੇਮ-ਰੂਪ' ਹੀ ਹੋ ਜਾਂਦਾ ਹੈ ।** ਉਸ ਨੂੰ ਆਲੇ-ਦੁਆਲੇ ਦੀ ਵੀ ਕੋਈ **ਸੋਝੀ ਨਹੀਂ ਰਹਿੰਦੀ ।**

ਸੂਰਜ ਦੀ **'ਬੋਲੀ'**, ਸੂਰਜ ਦੀ **ਕਿਰਨ** ਹੈ, ਇਹਨਾਂ ਕਿਰਨਾਂ ਦੁਆਰਾ ਸਾਨੂੰ **ਧੁਪ ਮਿਲਦੀ ਹੈ ।** ਇਸ 'ਧੁੱਪ' ਵਿਚ ਆਪਣੇ ਸੋਮੇ, **'ਸੂਰਜ' ਦੇ ਸਾਰੇ ਗੁਣ ਹੁੰਦੇ ਹਨ,** ਜਿਹਾ ਕਿ—

ਗਰਮੀ
ਪ੍ਰਕਾਸ਼
ਨਿਰਮਲਤਾ
ਜੀਵਨ-ਰੌਂ
ਸ਼ਕਤੀ

ਆਦਿ **ਅਨੇਕਾਂ ਗੁਣ ਭਰਪੂਰ ਹਨ ।**

ਐਨ ਏਸੇ ਤਰ੍ਹਾਂ, ਪ੍ਰਮਾਤਮਾ ਦੇ **'ਕਵਾਉ'** ਦੀ ਬੋਲੀ **'ਅਨਹਦ-ਧੁਨੀ'** ਵਿਚ **'ਰੱਬੀਅਤ' ਦੇ ਸਾਰੇ ਗੁਣ** –

ਪ੍ਰੇਮ
ਮਿਠਾਸ
ਰਸ
ਮਸਤੀ
ਖੁਮਾਰੀ
ਖੇੜਾ
ਅਨੰਦ
ਸਹਿਜ
ਗਿਆਨ
ਲਿਵ
ਤਾਜ਼ਗੀ

**ਓਤ-ਪੋਤ ਸਮਾਏ ਹੋਏ ਹਨ ।**

ਇਥੇ ਇਹ ਗੱਲ ਸਪਸ਼ਟ ਕਰ ਦੇਣੀ ਜ਼ਰੂਰੀ ਹੈ ਕਿ **'ਅਨਹਦ ਧੁਨੀ'** ਅਥਵਾ ਇਲਾਹੀ



The virtue of this 'silent language ' of love is that by talking with the emotion filled 'tongue of consciousness', the seeker neither tires not is ever satiated (satisfied). As he continues to speak this language he becomes all the more intoxicated and takes on the 'form of wondrousness' or 'bliss'. He loses total awareness of his surroundings.

The 'language' of the sun is its ray. Through these rays we receive the sunlight. In this 'sunlight' are present all the virtues (attributes) of its source, the sun, numerous virtues such as-

heat
illumination
purity
life-current
energy

etc. are ever present.

Exactly in the same way, within the 'eternal sound current', the 'word' language of the Supreme Lord, all the 'spiritual' virtues-

love
sweetness
relish
intoxication
ecstasy
delight
bliss
tranquillity
knowledge
engrossment
freshness

are interwoven.

It is necessary to clarify this point here that 'Eternal sound current' or the divine

**'ਚੁੱਪ-ਬੋਲੀ' ਆਪਣੇ ਮੂਲ ਨਿਰੰਕਾਰ ਦੀ ਤਰ੍ਹਾਂ—**

ਅਦ੍ਰਿਸ਼ਟ
ਸੂਖਮ
ਲਗਾਤਾਰ
ਇਕ-ਰਸ
ਅੱਖਰਾਂ ਤੋਂ ਪਰੇ
ਮਨ-ਬੁੱਧੀ ਤੋਂ ਪਰੇ
ਤਿੰਨਾਂ ਗੁਣਾਂ ਤੋਂ ਪਰੇ
ਸੁਤੇ-ਸਿੱਧ
**ਆਵਾਜ਼ ਰਹਿਤ**

**ਹੈ, ਅਤੇ ਇਹ—**

ਥਰਥਰਾਹਟ ਦੇ ਰੂਪ ਵਿਚ
ਵਲਵਲੇ ਦੇ ਰੂਪ ਵਿਚ
ਪ੍ਰੇਮ-ਸਵੈਪਨਾ ਦੇ ਰੂਪ ਵਿਚ
ਤਰੰਗਾਂ ਦੇ ਰੂਪ ਵਿਚ
ਥਰਕੰਬਣੀ ਦੇ ਰੂਪ ਵਿਚ
ਲਹਿਰਾਂ ਦੇ ਰੂਪ ਵਿਚ
ਰੁਣਝੁਣ ਦੇ ਰੂਪ ਵਿਚ

**ਸਾਰੀ ਸ੍ਰਿਸ਼ਟੀ ਵਿਚ ਨਿਰੰਤਰ ਪਰਵਿਰਤ ਹੈ ।**

ਸਾਡੀ ਮਾਨਸਿਕ ਅਤੇ ਆਤਮਿਕ ਸੂਖਮ **'ਗ੍ਰਹਿਣ-ਸ਼ਕਤੀ' ਅਨੁਸਾਰ ਹੀ ਅਸੀਂ ਇਲਾਹੀ 'ਅਨਹਦ-ਧੁਨੀ' ਨੂੰ ਗ੍ਰਹਿਣ ਕਰਕੇ ਮਾਣ ਸਕਦੇ ਹਾਂ ।**

ਜਿਸ ਤਰ੍ਹਾਂ ਰੌਸ਼ਨੀ (light) ਅਤੇ ਆਵਾਜ਼ (sound) ਦੀਆਂ 'ਤਰੰਗਾਂ'—ਦੂਰ-ਦੁਰਾਡੇ ਬਹੁਤ ਤੇਜ਼ ਰਫਤਾਰ ਨਾਲ ਪੁਜ ਜਾਂਦੀਆਂ ਹਨ, ਇਸੇ ਤਰ੍ਹਾਂ **'ਇਲਾਹੀ ਨਾਦ' ਦੀਆਂ ਤਰੰਗਾਂ ਦੀ ਰਵਾਨਗੀ** ਵੀ ਬਹੁਤ ਤੇਜ਼ ਰਫਤਾਰ ਨਾਲ ਸ੍ਰਿਸ਼ਟੀ ਵਿਚ **ਪਰਵਿਰਤ ਹੋ ਰਹੀਆਂ ਹਨ ।**

ਇਸ 'ਅਨਹਦ-ਧੁਨੀ' ਨੂੰ **'ਸੁਣਨ' ਅਤੇ 'ਅਨੁਭਵ'** ਕਰਨ ਲਈ ਜਗਿਆਸੂ ਨੂੰ ਤ੍ਰੈਗੁਣੀ **ਮਾਇਕੀ ਮੰਡਲ ਤੋਂ ਉੱਚਾ ਉੱਠ ਕੇ** ਆਪਣੀਆਂ **ਭਾਵਨਾਵਾਂ ਰੂਪੀ ਤਰੰਗਾਂ ਨੂੰ 'ਇਲਾਹੀ ਨਾਦ' ਦੀਆਂ ਤਰੰਗਾਂ** (vibrations) ਨਾਲ **'ਇਕ ਸੁਰ'** (in-tune) **ਕਰਨਾ ਪਵੇਗਾ ।**

'ਇਲਾਹੀ ਨਾਦ' ਵਿਚ, ਮਨ ਦੀ **ਲੀਨਤਾ,** ਤਾਂ ਹੀ ਪ੍ਰਾਪਤ ਹੋ ਸਕਦੀ ਹੈ, ਜੇ **'ਨੌਂ-ਗੋਲਕਾਂ' ਤੋਂ 'ਸੁਰਤ' ਉੱਚੀ ਉੱਠ ਕੇ 'ਦਸਵੇਂ-ਦਰ' ਪ੍ਰਵੇਸ਼ ਕਰੇ ।**



'language of silence', like its source, the Creator is

invisible
subtle
constant
unchanging
beyond words
beyond mind and intelligence
beyond the three attributes
spontaneous
devoid of sound

and it

in the form of vibrations
in the form of emotions
in the form of love for the inner self
in the form of ripples
in the form of jitters
in the form of waves
in the form of jingling

is present ceaselessly in the whole creation.

It is only through our mental and subtle spiritual 'absorbing power' that we can absorb the divine 'infinite sound current' and experience joy.

Just as light and sound waves can reach enormous distances at great speed, in the same way the flow of divine 'sound currents' too appear in the universe at great speed.

To listen to, and be aware of this 'infinite sound current', the seeker will have to rise above the mundane worldly realm and fine tune or harmonise the waves of his hearts desires with the vibrations of the 'divine sound current'.

The mind can only be engrossed in the 'divine sound current' if its attention can rise above the 'nine outlets' and get to reside at the 'tenth doorway'.

ਨਉ ਦਰਵਾਜੇ ਦਸਵੈ ਮੁਕਤਾ ਅਨਹਦ ਸਬਦੁ ਵਜਾਵਣਿਆ ॥ (ਪੰਨਾ-110)

ਨਉ ਦਰ ਠਾਕੇ ਧਾਵਤੁ ਰਹਾਏ ॥
ਦਸਵੈ ਨਿਜਘਰਿ ਵਾਸਾ ਪਾਏ ॥ (ਪੰਨਾ-124)

ਨਉ ਘਰ ਦੇਖਿ ਜੁ ਕਾਮਨਿ ਭੂਲੀ ਬਸਤੁ ਅਨੂਪ ਨ ਪਾਈ ॥
ਕਹਤੁ ਕਬੀਰ ਨਵੈ ਘਰ ਮੂਸੇ ਦਸਵੈਂ ਤਤੁ ਸਮਾਈ ॥ (ਪੰਨਾ-339)

ਮੂੰਦਿ ਲੀਏ ਦਰਵਾਜੇ ॥
ਬਾਜੀਅਲੇ ਅਨਹਦ ਬਾਜੇ ॥ (ਪੰਨਾ-656)

ਨਉ ਸਰ ਸੁਭਰ ਦਸਵੈ ਪੂਰੇ ॥
ਤਹ ਅਨਹਤ ਸੁੰਨ ਵਜਾਵਹਿ ਤੂਰੇ ॥ (ਪੰਨਾ-943)

ਨਗਰੀ ਏਕੈ ਨਉ ਦਰਵਾਜੇ ਧਾਵਤੁ ਬਰਜਿ ਰਹਾਈ ॥
ਤ੍ਰਿਕੁਟੀ ਛੂਟੈ ਦਸਵਾ ਦਰੁ ਖੂਲ੍ਹੈ ਤਾ ਮਨੁ ਖੀਵਾ ਭਾਈ ॥ (ਪੰਨਾ-1123)

ਇਸ ਲਈ, ਅੰਦਰਲੇ ਅਤੇ ਸਾਰੀ ਸ੍ਰਿਸ਼ਟੀ ਵਿਚ ਵੱਸ ਰਹੇ **'ਇਲਾਹੀ-ਨਾਦ' ਨਾਲ ਇਕ-ਸੁਰ** (in tune) **ਹੋਣ ਲਈ—**

ਜਾਪ
ਸਿਮਰਨ
ਕੀਰਤਨ
ਸ਼ਬਦ-ਵਿਚਾਰ
ਸਾਧ-ਸੰਗਤ
ਪ੍ਰੇਮਾ-ਭਗਤੀ
ਸੇਵਾ

**ਕਰਨਾ ਅਤੀ ਜਰੂਰੀ ਹੈ ।**

ਅੰਮ੍ਰਿਤ ਬਾਣੀ ਸਿਉ ਚਿਤੁ ਲਾਏ ਅੰਮ੍ਰਿਤ ਸਬਦਿ ਵਜਾਵਣਿਆ ॥ (ਪੰਨਾ-118)

ਓਥੈ ਅਨਹਦ ਸਬਦ ਵਜਹਿ ਦਿਨੁ ਰਾਤੀ
ਗੁਰਮਤੀ ਸਬਦੁ ਸੁਣਾਵਣਿਆ ॥ (ਪੰਨਾ-124)

ਅਨਹਦ ਧੁਨਿ ਵਾਜਹਿ ਨਿਤ ਵਾਜੇ ਗਾਈ ਸਤਿਗੁਰ ਬਾਣੀ ॥
ਨਾਨਕ ਦਾਤਿ ਕਰੀ ਪ੍ਰਭਿ ਦਾਤੈ ਜੋਤੀ ਜੋਤਿ ਸਮਾਣੀ ॥ (ਪੰਨਾ-442)

ਅਨਹਤ ਬਾਣੀ ਗੁਰ ਸਬਦਿ ਜਾਣੀ ਹਰਿਨਾਮੁ ਹਰਿ ਰਸੁ ਭੋਗੋ ॥ (ਪੰਨਾ-921)



*1 Beyond the nine gates, the Tenth Gate is found, and liberation is obtained. The Unstruck Melody of the Shabad vibrates.* *110*

*2 Those who close off the nine gates, and restrain the wandering mind, come to dwell in the Home of the Tenth Gate.* *123*

*3 Seeing the nine openings of the body, the soul-bride is led astray; she does not obtain that incomparable thing. Says Kabeer, the nine openings of the body are being plundered; rise up to the Tenth Gate, and discover the true essence.* *339*

*4 I have now closed off the doors, and the unstruck celestial sound current resounds.* *656*

*5 By practicing control over the nine gates, one attains perfect control over the Tenth Gate.*
*There, the unstruck sound current of the absolute Lord vibrates and resounds. Behold the True Lord ever-present, and merge with Him.* *943*

*6 There are nine gates to the one city of the body; restrain your mind from escaping through them.*
*When the knot of the three qualities is untied, then the Tenth Gate opens up, and the mind is intoxicated, O Siblings of Destiny.* *1123*

Therefore to be in tune with the 'divine sound current' that is present within (us) and the whole universe, doing

jaap (meditation)
simran
kirtan
contemplation on the Word (gurbani)
sadh-sangat (company of the holy)
devotion through love
sewa (selfless service)

is absolutely necessary.

*7 Those who focus their consciousness on the Ambrosial Bani of the Word, hear the vibrations of the Ambrosial Word of the Shabad.* *118*

*8 There, the Unstruck Melody of the Shabad vibrates day and night. Through the Guru's Teachings it is heard* *124*

*9 The unstruck melody resounds, and the instruments ever vibrate, singing the Bani of the True Guru.*
*O Nanak, God the Great Giver has given me a gift; He has blended my light into the Light.* *442*

*10 I have come to know the unstruck sound current and the Word of the Guru's Shabad; I enjoy the sublime essence of the Lord, the Lord's Name.* *921*

ਅਨਹਦ ਵਾਜੇ ਧੁਨਿ ਵਜਦੇ ਗੁਰ ਸਬਦਿ ਸੁਣੀਜੈ ॥ (ਪੰਨਾ-954)

**ਸਾਧ-ਸੰਗਤ ਅਤੇ ਗੁਰਬਾਣੀ ਤੋਂ ਨਾਮ ਸਿਮਰਨ ਦੀ ਪ੍ਰੇਰਨਾ ਮਿਲਦੀ ਹੈ ਅਤੇ—**

**ਪ੍ਰਭ ਕੈ ਸਿਮਰਨਿ ਅਨਹਦ ਝੁਨਕਾਰ ॥** (ਪੰਨਾ-263)

**ਦੀ ਅਵਸਥਾ ਪ੍ਰਾਪਤ ਹੁੰਦੀ ਹੈ ।** ਫਿਰ ਤਾਂ ਅੰਦਰ ਕੀ, ਤੇ ਬਾਹਰ ਕੀ ?

ਅਨਹਦ ਧੁਨੀ ਸਦ ਵਜਦੇ ਉਨਮਨਿ ਹਰਿ ਲਿਵ ਲਾਇ ॥ (ਪੰਨਾ-91)

ਅਣਮੜਿਆ ਮੰਦਲੁ ਬਾਜੈ ॥
ਬਿਨੁ ਸਾਵਣ ਘਨਹਰੁ ਗਾਜੈ ॥ (ਪੰਨਾ-657)

ਘਰਿ ਘਰਿ ਨਿਰਤਿ ਹੋਵੈ ਦਿਨੁ ਰਾਤੀ ਘਟਿ ਘਟਿ ਵਾਜੈ ਤੂਰਾ ॥ (ਪੰਨਾ-884)

ਵਿਣੁ ਵਜਾਈ ਕਿੰਗੁਰੀ ਵਾਜੈ ਜੋਗੀ ਸਾ ਕਿੰਗਰੀ ਵਜਾਇ ॥ (ਪੰਨਾ909)

ਸੋ 'ਰਸ-ਰੂਪ' ਅਕਾਲ ਪੁਰਖ ਦੇ ਤਾਂ ਹੀ ਦਰਸ਼ਨ ਹੁੰਦੇ ਹਨ, ਜੇ ਜਿਗਿਆਸੂ **ਪ੍ਰੇਮ ਦੀ 'ਚੁਪ-ਬੋਲੀ' ਰੂਪ 'ਅਨਹਦ-ਸਬਦ' ਨੂੰ ਅਤ੍ਰ-ਆਤਮੇ 'ਸੁਣੇ' ।**

**ਪਿਰੁ ਰੀਸਾਲੂ ਤਾ ਮਿਲੈ ਜਾ ਗੁਰ ਕਾ ਸਬਦੁ ਸੁਣੀ ॥** (ਪੰਨਾ-18)

ਅਨਹਦ ਧੁਨੀ ਦਰਿ ਵਜਦੇ ਦਰਿ ਸਚੈ ਸੋਭਾ ਪਾਇ ॥ (ਪੰਨਾ-42)

ਸੋਭਾ ਸੁਰਤਿ ਸੁਹਾਵਣੀ ਸਾਚੈ ਪ੍ਰੇਮਿ ਅਪਾਰ ॥ (ਪੰਨਾ-54)

ਅਨਹਦੋ ਅਨਹਦੁ ਵਾਜੈ ਰੁਣਝੁਣਕਾਰੇ ਰਾਮ ॥
ਮੇਰਾ ਮਨੋ ਮੇਰਾ ਮਨੁ ਰਾਤਾ ਲਾਲ ਪਿਆਰੇ ਰਾਮ ॥ (ਪੰਨਾ-436)
ਵਾਹੁ ਵਾਹੁ ਕਿਆ ਖੂਬੁ ਗਾਵਤਾ ਹੈ ॥
ਹਰਿ ਕਾ ਨਾਮੁ ਮੇਰੈ ਮਨਿ ਭਾਵਤਾ ਹੈ ॥ (ਪੰਨਾ-478)

ਅਨਹਦ ਰੁਣਝੁਣਕਾਰੁ ਸਦਾ ਧੁਨਿ ਨਿਰਭਉ ਕੈ ਘਰਿ ਵਾਇਦਾ (ਪੰਨਾ-1033)

ਮਾਈ ਰੀ ਪੇਖਿ ਰਹੀ ਬਿਸਮਾਦ ॥
ਅਨਹਦ ਧੁਨੀ ਮੇਰਾ ਮਨੁ ਮੋਹਿਓ ਅਚਰਜ ਤਾ ਕੇ ਸ੍ਵਾਦ ॥ (ਪੰਨਾ-1226)

**ਇਹ —**

ਅਨੂਪ ਕਿੰਗਰੀ
ਅਨਹਦ-ਝੁਨਕਾਰ
ਸਦੀਵੀ ਰੁਣਝੁਣ



*1 The unstruck sound current resounds and vibrates there. The Word of the Guru's Shabad is heard. 954*

From the company of the holy (sadh-sangat) and gurbani one gets the encouragement to do Naam Simran and

*2 Remembering God, the unstruck melody vibrates. 263*

one achieves this level. Then what is inside, and what is outside?

*3 The Unstruck Melody constantly vibrates within; my mind is exalted and uplifted—I am lovingly absorbed in the Lord. 91*

*4 The skinless drum plays. Without the rainy season, the clouds shake with thunder. 657*

*5 In each and every home there is dancing, day and night; in each and every home, the bugles blow. 884*

*6 So play the harp which vibrates without being played, Yogi. 909*

So the 'bliss filled' encounter with the Infinite Lord takes place if the seeker listens to the 'infinite sound current'- the 'silent language' of love.'

*7 We meet with our Beloved, the Source of Joy, when we listen to the Word of the Guru's Shabad. 18*

*18 The Unstruck Celestial Music vibrates for them at the Lord's Door, and they are honored at the True Door. 42*

*9 Her glory and her wisdom are magnificent; her love for the Infinite Lord is True.54*

*10 The unstruck melody of the sound current resounds with the vibrations of the celestial instruments. 436*

*11 Waaho! Waaho! Hail! Hail! How wondrously he sings.*
*The Name of the Lord is pleasing to my mind. 478*

*12 The sweet, melodious, unstruck sound current vibrates continuously in the home of the fearless Lord. 1033*

*13 O my mother,I am wonderstruck to see my Lord. My mind is enticed by the unstruck celestial melody; its flavor is amazing! 122*

This

beautiful veena melody
infinite flashes
eternal melody

ਅਨਹਦ ਸ਼ਬਦ

ਪ੍ਰੇਮ ਸਵੈਪਨਾ

ਪ੍ਰੇਮ ਸੰਦੇਸੜੇ

'ਹਰਿ ਨਾਵੈ ਨਾਲਿ ਗਲਾ'

**'ਹਰਿ ਨਾਵੈ ਨਾਲਿ ਮਸਲਤਿ'**

**ਚੁਪ-ਪ੍ਰੀਤ**

**ਅਨੁਭਵ ਦੁਆਰਾ ਸੂਖਮ ਸੁਰਤ ਨਾਲ ਹੀ ਸੁਣੀ ਜਾ ਸਕਦੀ ਹੈ, ਨਾ ਕਿ ਇਹਨਾਂ ਸਥੂਲ ਕੰਨਾਂ ਨਾਲ।**

ਅਨਹਦ ਝੁਣਕਾਰੇ ਤਤੁ ਬੀਚਾਰੇ ਸੰਤ ਗੋਸਟਿ ਨਿਤ ਹੋਵੈ ॥ (ਪੰਨਾ-783)

ਪਰ, ਕਈ ਜਗਿਆਸੂ ਅਪਣੇ ਕੰਨਾਂ ਨੂੰ ਉਂਗਲਾਂ ਨਾਲ ਬੰਦ ਕਰਕੇ **ਸ਼ਾਂ-ਸ਼ਾਂ ਦੀ ਆਵਾਜ਼ ਸੁਣਨ ਨੂੰ ਹੀ ਅਨਹਦ-ਧੁਨੀ ਸਮਝਦੇ ਹਨ** ਅਤੇ ਇਸੇ ਵਿਚ ਹੀ ਉਹ ਮਸਤ ਰਹਿੰਦੇ ਹਨ, **ਜੋ ਕਿ ਉਨ੍ਹਾਂ ਦਾ ਬਹੁਤ ਵੱਡਾ ਭਰਮ-ਭੁਲੇਖਾ ਹੈ।**

ਇਥੇ ਇਹ ਗੱਲ ਵਰਣਨ ਕਰਨੀ ਅਤਿ ਜਰੂਰੀ ਹੈ ਕਿ ਗੁਰਬਾਣੀ ਵਿਚ **'ਪੰਚ ਸ਼ਬਦ'** ਲਫਜ਼ ਬਹੁਤ ਵਾਰੀ ਵਰਤਿਆ ਗਿਆ ਹੈ। ਇਹ ਲਫਜ਼ ਕੇਵਲ ਅਲੰਕਾਰਿਕ ਰੂਪ ਵਿਚ **ਆਤਮਿਕ ਅਨੰਦ ਦੀ ਸੰਗੀਤਕ ਧੁਨ ਜਾਂ ਤਰੰਗਾਂ ਨੂੰ ਦਰਸਾਉਣ ਲਈ ਵਰਤੇ ਗਏ ਹਨ।** ਕਈ ਜਗਿਆਸੂ **'ਪੰਚ-ਸ਼ਬਦ'** ਤੋਂ ਪੰਜ ਤਰ੍ਹਾਂ ਦੇ **ਸਾਜ਼ਾਂ** ਦੀਆਂ ਆਵਾਜ਼ਾਂ ਨੂੰ ਅੰਤਿਸ਼ਕਰਨ ਵਿਚ ਸੁਣਨ ਨੂੰ ਹੀ ਅਨਹਦ ਨਾਦ ਮੰਨੀ ਬੈਠੇ ਹਨ। ਕਈ ਮਤ **ਪੰਜ ਅੱਖਰਾਂ ਵਾਲੇ 'ਮੰਤ੍ਰ' ਨੂੰ 'ਪੰਚ ਸ਼ਬਦ' ਮੰਨੀ ਬੈਠੇ ਹਨ।** ਇਸ ਤਰ੍ਹਾਂ ਅਸੀਂ ਖਾਮਖਾਹ ਵਾਦ-ਵਿਵਾਦ ਵਿਚ ਪੈ ਜਾਂਦੇ ਹਾਂ।

ਭਾਈ ਗੁਰਦਾਸ ਜੀ ਨੇ ਸਪਸ਼ਟ ਤੌਰ ਤੇ ਨਿਰਣਾ ਦਿੱਤਾ ਹੈ ਕਿ ਨਾਮ ਰਸੀਆ ਤਾਂ ਸਿਰਫ ਆਪਣੀ **'ਸੁਰਤ'** ਨੂੰ **'ਸ਼ਬਦ' ਵਿਚ ਲਿਵਲੀਨ ਕਰਕੇ,** 'ਪੰਚ ਸਬਦ' ਜਾਂ ਪੰਜ ਆਵਾਜ਼ਾਂ ਦੀ ਥਾਂ, **ਕੇਵਲ ਇਕੋ ਹੀ ਸ਼ਬਦ ਸੁਣਦਾ ਹੈ।** ਰਾਗਾਂ-ਨਾਦਾਂ ਦੇ ਝਗੜੇ ਵਿਅਰਥ ਸਮਝ ਕੇ ਕੇਵਲ **'ਰੱਬੀ ਪ੍ਰੇਮ'** ਦੀ **'ਚੁੱਪ ਬੋਲੀ'** ਅਥਵਾ **'ਅਨਹਦ-ਸਬਦ' ਵਿਚ ਲਿਵਲੀਨ ਹੋ ਕੇ ਮਸਤ ਰਹਿੰਦਾ ਹੈ।**

ਵਾਹਿਗੁਰੂ ਗੁਰੂ ਸਬਦੁ ਲੈ ਪਿਰਮ ਪਿਆਲਾ ਚੁਪਿ ਚਬੋਲਾ। (ਵਾ.ਭਾ.ਗੁ. 4/17)

ਸਬਦ ਸੁਰਤਿ ਲਿਵ ਸਾਧ ਸੰਗਿ ਪੰਚ ਸ਼ਬਦ ਇਕ ਸਬਦ ਮਿਲਾਏ।
ਰਾਗ ਨਾਦ ਸੰਬਾਦ ਲਖਿ ਭਾਖਿਆ ਭਾਉ ਸੁਭਾਉ ਅਲਾਏ। (ਵਾ.ਭਾ.ਗੁ. 6/10)



incessent word

love of the real self within

call of love

'with God's Name, is my conversation'

'with the God's Name my counsel'

silent love

can be heard through intuitional awareness and not through these physical ears.

1 *The resonance of celestial strain, the deliberation of the essence and the saints discourse, are the daily routine of the place.* 783

But many seekers close their ears with their fingers and regard the 'shaa...shaa' sound that emerges as the infinite sound current and remain intoxicated in this. This is their major doubt-fallacy.

It is important to mention here that in Gurbani the word '*panch shabad*' has been used many times. These words are used in a figurative form to explain the melodious sound or vibrations of divine bliss. Many seekers believe that '*panch shabad*' refers to the hearing of the sounds of the five musical instruments in the subconscious. Several sects believe that the five word mantar is the '*panch shabad*''. In this way we get involved fruitless debates.

Bhai Gurdas has discerned very clearly that the devotee of the Naam focuses his attention on the shabad and instead of 'five words' or 'five sounds' he hears only the one word. Regarding the quarrels of raags and naads as fruitless activity, he remains engrossed in the 'silent language' of 'God's love' or the 'infinite word'.

2 *(The seeker) receives the waheguru mantar from the Guru and in complete silence drinks from the container of love.* V.B.G.4/17

3 *The Gurmukh while immersing his meditational faculty in the Word listens to the Word alone even through the five types of sounds (created through many instruments. Considering the ragas and nadas only as the medium, the Gurmukh discusses and recites with love* V.B.G 6/10

ਅਕਾਲ ਪੁਰਖ ਦੇ ਬੇਅੰਤ ਗੁਣਾਂ ਵਿਚੋਂ—

ਹੁਕਮ
ਅਨਹਦ ਸ਼ਬਦ
ਅਨਹਦ ਨਾਦ
ਚੁੱਪ-ਪ੍ਰੀਤ
ਅੰਮ੍ਰਿਤ
ਆਤਮ-ਰਸ
ਆਤਮ ਰੰਗ

ਆਦਿ ਮੁੱਖ ਗੁਣ ਹਨ ।

ਇਹਨਾਂ ਵਿਚੋਂ **'ਚੁੱਪ-ਪ੍ਰੀਤ', 'ਪ੍ਰੇਮ-ਸਵੈਪਨਾ' ਯਾ 'ਪ੍ਰੇਮ ਪਦਾਰਥ' ਸ੍ਰੇਸ਼ਟ ਗੁਣ ਹੈ**—ਜੋ ਬਾਕੀ ਸਾਰਿਆਂ **ਰੱਬੀ ਗੁਣਾਂ ਵਿਚ ਪ੍ਰਵੇਸ਼ ਅਤੇ ਪਰਵਿਰਤ ਹੈ** । ਤਦੇ ਗੁਰਬਾਣੀ ਵਿਚ ਅਕਾਲ ਪੁਰਖ ਨੂੰ **'ਪ੍ਰੇਮ-ਪੁਰਖ', 'ਅਤਿ-ਪ੍ਰੀਤਮ' ਕਿਹਾ ਗਿਆ ਹੈ** । ਇਸ ਤੋਂ ਸਪਸ਼ਟ ਹੈ ਕਿ ਬਾਕੀ ਸਾਰੇ **ਰੱਬੀ ਗੁਣਾਂ**; ਅਥਵਾ—

ਅਨਹਦ-ਨਾਦ
ਅਨਹਦ-ਸ਼ਬਦ
ਅਨਹਦ-ਧੁਨੀ
ਅਨਹਦ-ਝੁਨਕਾਰ
ਧੁਨਕਾਰ-ਧੁਨ
ਸ਼ਬਦ-ਧੁਨ
ਪੰਚ-ਸ਼ਬਦ
ਨਿਰਮਲ-ਨਾਦ
ਰੁਣਝੁਣ-ਕਾਰ
ਸਹਜ-ਧੁਨ

ਆਦਿ, ਵਿਚ ਵੀ **ਇਲਾਹੀ 'ਚੁੱਪ-ਪ੍ਰੀਤ' ਅਥਵਾ 'ਪ੍ਰੇਮ-ਸਵੈਪਨਾ' ਦੀ 'ਬੋਲੀ' ਦੀ 'ਝਲਕ' ਵੱਜ ਰਹੀ ਹੈ** ।

ਦੂਜੇ ਲਫ਼ਜ਼ਾਂ ਵਿਚ 'ਰਾਗ'-'ਨਾਦ'-'ਧੁਨੀ' ਦੇ ਹਰ ਤਰੰਗ, ਹਰ ਸੁਰ, ਹਰ ਲੈਅ, ਹਰ ਤਾਲ ਵਿਚ, ਇਲਾਹੀ **'ਪ੍ਰੇਮ-ਰੰਗਣ' ਦੀ 'ਭਾਅ' ਜਾਂ 'ਅਕਸ' ਪ੍ਰਵੇਸ਼ ਹੈ** ।



From the countless virtues of the Infinite Lord -

command
ceaseless word
ceaseless sound current
silent love
ambrosial nectar
divine bliss
spiritual hue

etc. are the principal virtues.

From these, 'silent love', 'love of the inner self' or 'love matter' are superior virtues - that are present and diffused in all other godly virtues. That's why God is referred to as 'Cosmic Spirit of love'. It is clear from this that the rest of the godly virtues, like-

ceaseless melody
ceaseless word

ceaseless sound current
ceaseless jingling

melody sound current
word current

integrated melody sound
pure sound current

constant jingling
spontaneous sound current

etc. is the reflection of the language of 'silent love' or 'love of the inner self' that is taking place.

In other words within every wave, every musical note, every melody, every beat there is the 'flow' or reflection of divine hue.

ਇਸ ਲੇਖ ਦਾ ਨਿਚੋੜ ਇਉਂ ਦਰਸਾਇਆ ਜਾ ਸਕਦਾ ਹੈ—

—ਅਕਾਲ ਪੁਰਖ—**'ਪ੍ਰੇਮ-ਸਰੂਪ'** ਹੈ।

—ਸੰਸਾਰ ਇਲਾਹੀ **'ਕਵਾਉ' ਤੋਂ ਉਪਜਿਆ ਹੈ।**

—ਇਹ ਕਵਾਉ ਯਾ 'ਹੁਕਮ' **ਅਨੇਕਾਂ ਸਰੂਪਾਂ, ਰੰਗਾਂ, ਤਰੰਗਾਂ, ਸ਼ਕਤੀਆਂ ਵਿਚ ਪਰਵਿਰਤ ਹੋ ਰਿਹਾ ਹੈ।**

—ਇਸੇ ਹੁਕਮ ਦਾ ਪ੍ਰਕਾਸ਼ **'ਅਬੋਲ-ਬੋਲੀ'** ਵਿਚ—

ਅਨਹਦ-ਰਾਗ

ਅਨਹਦ-ਸ਼ਬਦ

ਅਨਹਦ-ਧੁਨ

ਅਨਹਦ-ਨਾਦ

ਅਨਹਦ-ਝੁਨਕਾਰ

ਦੇ ਤਰੰਗਾਂ, ਲਹਿਰਾਂ, ਥਰਥਰਾਹਟ, ਰੁਣਝੁਣ 'ਰਾਹੀਂ' ਪ੍ਰਗਟ ਅਤੇ ਪਰਵਿਰਤ ਹੋ ਰਿਹਾ ਹੈ, ਅਤੇ ਇਹਨਾਂ ਦੇ ਅੰਤਰ **'ਚੁੱਪ-ਪ੍ਰੀਤ' ਦੀ ਤਾਰ** ਨਿਰੰਤਰ ਆਪਣੀ **ਮਿਠਾਸ, ਰਸ ਅਤੇ ਇਲਾਹੀ ਭਾਵਨਾਵਾਂ ਖਿਲਾਰ ਰਹੀ ਹੈ।**

—ਇਹ ਸਾਰੀ **'ਪ੍ਰਿਮ-ਖੇਲ', ਅਦ੍ਰਿਸ਼ਟ ਆਤਮਿਕ ਮੰਡਲ ਵਿਚੋਂ ਉਪਜਦੀ ਹੈ।**

—ਇਸ 'ਪ੍ਰਿਮ-ਖੇਲ' ਦਾ **ਗੁਪਤ 'ਨਾਦ' ਸਦੀਵੀ ਅਨਹਦ ਧੁਨੀ ਵਿਚ ਇਕ-ਰਸ ਰਵਾਂ ਹੈ।**

—ਇਸ ਇਲਾਹੀ-ਮੰਡਲ ਦੀ **'ਅਬੋਲ-ਬੋਲੀ'** ਨੂੰ ਹੀ **'ਅਨਹਦ ਧੁਨੀ'** ਕਿਹਾ ਜਾਂਦਾ ਹੈ।

—ਇਹ **'ਚੁੱਪ-ਪ੍ਰੀਤ' ਦਾ ਨਾਦ** ਸਾਡੇ ਮਨ ਨੂੰ ਇਲਾਹੀ ਵਲਵਲਿਆਂ ਨਾਲ ਭਰਪੂਰ ਕਰਕੇ **ਵਿਸਮਾਦਿਤ ਕਰਦਾ ਹੈ।**

—ਇਹ 'ਇਲਾਹੀ ਵਲਵਲੇ', ਗੁਰਬਾਣੀ ਵਿਚ ਵੀ ਭਰਪੂਰ ਹਨ, ਅਤੇ **ਰਾਗ** ਵਿਚ ਵੀ ਇਹਨਾਂ ਵਲਵਲਿਆਂ ਨੂੰ ਪ੍ਰਗਟਾਉਣ ਦੀ ਸਮਰਥਾ ਹੈ।

—ਇਸੇ ਕਰਕੇ ਗੁਰਬਾਣੀ ਰਾਗਾਂ ਵਿਚ ਉਚਾਰੀ ਗਈ ਹੈ।

—ਜਦੋਂ ਇਲਾਹੀ-ਵਲਵਲੇ ਨਾਲ ਭਰਪੂਰ, ਕਿਸੇ ਸ਼ਬਦ ਨੂੰ ਉਸੇ ਤਾਸੀਰ ਨਾਲ ਰਲਦੇ-ਮਿਲਦੇ ਰਾਗ ਵਿਚ ਗਾਇਆ ਜਾਏ ਤਾਂ ਵਲਵਲੇ ਵਿਚ ਹੋਰ ਭੀ ਵਾਧਾ ਹੋ ਜਾਂਦਾ ਹੈ,



The essence of this essay can be summarised as follows -

- The Infinite Lord - the form is Love

- the world came into creation through the divine 'Word-Command'

- this Word or Command is diffused into many forms, hues, waves and energy.

- the illumination of this command through the 'unutterable language' of

ceaseless music

ceaseless word

ceaseless sound current

ceaseless sound

ceaseless jingling

is manifesting and taking place via waves, vibrations, quivers and through the internal link of 'silent love' is spreading its sweetness, bliss and spiritual faith.

- This whole 'game of love' emerged from the invisible divine world.

- The hidden 'sound current' of this 'game of love' is constant and present in the form of ceaseless, infinite sound current.

- This 'unutterable language' of the divine world is the one that is referred to as the ceaseless sound current'.

- This music of 'silent love' fills us with divine emotions and leaves us in a wondrous state.

- These 'divine emotions' are found in abundance in gurbani and the rags (musical notes) too have the ability to manifest these emotions.

- That is why gurbani has been uttered in raags.

- When an emotion filled shabad is sung in the same or connected raags, the emotions become all the more stronger

ਅਤੇ ਸਾਡਾ ਅਮੋੜ ਅਤੇ ਕਠੋਰ ਮਨ **ਦ੍ਰਵ ਕੇ** ਇਲਾਹੀ ਪ੍ਰੇਮ-ਸਵੈਪਨਾ ਦੇ ਮੰਡਲਾਂ ਵਿਚਤਾਰੀਆਂ ਲਾਉਂਦਾ ਹੋਇਆ **'ਅਨਹਦ-ਧੁਨੀ' ਦੀਆਂ ਝਲਕਾਂ ਦਾ ਪਾਤਰ ਬਣਦਾ ਹੈ।**

—ਜਦ ਇਹ 'ਅਨਹਦ-ਧੁਨੀ' ਦੀਆਂ **ਤਰੰਗਾਂ ਯਾ ਲਹਿਰਾਂ,** ਬਾਹਰਮੁਖੀ ਪਰਵਿਰਤ ਹੁੰਦੀਆਂ ਹਨ, ਤਾਂ ਇਹ **'ਆਵਾਜ਼', 'ਬੋਲੀ' ਅਤੇ 'ਅੱਖਰਾਂ'** ਦਾ ਰੂਪ ਧਾਰ ਲੈਂਦੀਆਂ ਹਨ।

—ਇਹਨਾਂ ਬਾਹਰ-ਮੁਖੀ ਤਰੰਗਾਂ ਅਤੇ ਲਹਿਰਾਂ ਨੂੰ ਰਾਗ-ਨਾਦ ਦੇ ਅੱਡ-ਅੱਡ ਨਾਉਂ ਦੇ ਦਿੱਤੇ ਜਾਂਦੇ ਹਨ। ਜਿਹਾ ਕਿ—'ਸਿਰੀ ਰਾਗ', 'ਮਾਝ ਰਾਗ,' 'ਗਉੜੀ ਰਾਗ,' ਆਦਿ।

—ਆਮ ਜਨਤਾ ਤਾਂ ਬਾਹਰ-ਮੁਖੀ 'ਟੂੰ-ਟਾਂ' ਅਤੇ 'ਡਉਂ-ਡਉਂ' ਉੱਤੇ ਹੀ **ਰੀਝ ਪੈਂਦੀ ਹੈ।**

— ਇਹ ਬਾਹਰਲਾਂ ਨਾਦ-ਅੰਦਰਲੇ 'ਅਨਹਦ-ਧੁਨੀ' ਦਾ **ਅਕਸ** (reflection), **ਪ੍ਰਤੀਕ ਅਤੇ ਪ੍ਰਗਟਾਵਾ ਹੈ।**

—ਸ਼ਬਦ ਅਤੇ ਰਾਗ-ਨਾਦ ਦਾ **ਅਸਲੀ ਰਸ 'ਅਨੁਭਵ' ਦੀ ਖੇਡ ਹੈ।**

—**ਅਨੁਭਵ ਦੁਆਰਾ** 'ਅਨਹਦ-ਧੁਨੀ' ਨੂੰ ਸੁਣ ਕੇ ਅਤੇ ਮਾਣ ਕੇ ਸਾਡਾ ਮਨ 'ਖੀਵਾ' ਹੋ ਕੇ **ਵਿਸਮਾਦ ਅਵਸਥਾ ਵਿਚ ਚਲਾ ਜਾਂਦਾ ਹੈ।**

ਸੁੰਨ ਸਮਾਧਿ ਅਨਹਤ ਤਹ ਨਾਦ ॥
**ਕਹਨੁ ਨ ਜਾਈ ਅਚਰਜ ਬਿਸਮਾਦ ॥** (ਪੰਨਾ-293)

ਹਿਰਦੈ ਸੁਣਿ ਸੁਣਿ ਮਨਿ ਅੰਮ੍ਰਿਤੁ ਭਾਇਆ ॥ (ਪੰਨਾ-366)

ਅਨਹਦ ਬਾਜੇ ਅਚਰਜ ਬਿਸਮਾਦ ॥ (ਪੰਨਾ-888)

ਅਨਹਦ ਸਬਦ ਅਚਰਜ ਬਿਸਮਾਦ ॥ (ਪੰਨਾ-1143)

ਤਪਤਿ ਬੁਝੀ ਸੀਤਲ ਆਘਾਨੇ ਸੁਣਿ ਅਨਹਦ
**ਬਿਸਮ ਭਏ ਬਿਸਮਾਦ ॥** (ਪੰਨਾ-1218)

**ਮਾਈ ਰੀ ਪੇਖਿ ਰਹੀ ਬਿਸਮਾਦ ॥**
**ਅਨਹਦ ਧੁਨੀ ਮੇਰਾ ਮਨ ਮਨੁ ਮੋਹਿਓ ਅਚਰਜ ਤਾ ਕੇ ਸ੍ਵਾਦ ॥**
(ਪੰਨਾ-1226)

**ਫਿਰ ਤਾਂ ਸਾਨੂੰ —**
ਚਿੜੀਆਂ ਦੀ ਚੌਂ-ਚੌਂ
ਜੁੱਤੀ ਦੀ ਚੀਂ-ਚੀਂ



and our incorrigible and stubborn mind melts and swimming in the realm of self love within, becomes the witness to the glimpses of the 'incessant sound current'.

- when the vibrations or waves of this 'incessant sound current' manifest themselves externally then this 'sound' takes on the form of a 'language' and 'letters'.

- These external vibrations and waves are given a variety of names under raag melody. For example - 'Siri Raag', 'Maaj Raag', Gaurdee Raag' etc.

- The general public more often is moved by the external melody of 'toon-taan (harmonium) and 'daun-daun (tabla).

- This external melody is the reflection, symbol and manifestation of the internal 'incessant sound current'.

- The real taste of raag melody is the play of 'intuition' (or insight).

- By hearing and enjoying the 'incessant sound current' through INSIGHT our mind experiences bliss and moves into a wondrous state.

1 *The Deepest Samaadhi, and the unstruck sound current of the Naad are there. The wonder and marvel of it cannot be described.* *293*

2 *Constantly listening to the Ambrosial Gurbani in the heart, it becomes pleasing to the mind.* *366*

3 *The wondrous, amazing unstruck melody vibrates.* *888*

4 *The Unstruck Sound-current of the Shabad, the Word of God, is wondrous and amazing!* *1143*

5 *The fire within me is quenched; I am cool, calm and tranquil. Hearing the unstruck celestial melody, I am wonder-struck and amazed.* *1217*

6 *O mother, I am wonder-struck, gazing upon the Lord. My mind is enticed by the unstruck celestial melody; its flavor is amazing!* *1226*

then we will
from the 'chirp-chirp' of birds
from the 'chee(n) chee(n)' of shoes

ਨਦੀਆਂ-ਨਾਲਿਆਂ ਦੇ ਵਹਿਣ ਦੀ ਆਵਾਜ਼
ਝਰਨਿਆਂ ਦੀ ਝਰਨ-ਝਰਨ
ਪਵਨ ਦੀ ਸ਼ਾਂ-ਸ਼ਾਂ
ਰਾਤ ਦੀ ਸੁੰਨ-ਸਮਾਧ, ਆਦਿ

**ਹਰ ਕਿਸਮ ਦੀ ਆਵਾਜ਼ ਵਿਚੋਂ, ਹਰ ਸਮੇਂ 'ਰੱਬੀ-ਰਾਗ' 'ਰੱਬੀ-ਧੁਨ' ਸੁਣਾਈ ਦੇਵੇਗੀ ।**

**ਜੇਤਾ ਸੁਨਣਾ ਤੇਤਾ ਨਾਮੁ ॥**
ਜੇਤਾ ਪੇਖਨੁ ਤੇਤਾ ਧਿਆਨੁ ॥ (ਪੰਨਾ-236)

**ਜੋ ਬੋਲਤ ਹੈ ਮ੍ਰਿਗ ਮੀਨ ਪੰਖੇਰੂ**
**ਸੁ ਬਿਨੁ ਹਰਿ ਜਾਪਤ ਹੈ ਨਹੀ ਹੋਰ ॥** (ਪੰਨਾ-1265)

—0—



from the sound of the stream flowing
falling waters of the waterfall
from the 'sha(n) sha(n) of the wind
from the silent depths of the night, etc.

from every kind of sound, every time hear 'godly melody', 'godly sound current'.

1 *Whatever they hear is the Naam, the Name of the Lord. Whatever they see is meditation.* *236*

2 *Whatever the deer, the fish and the birds sing, they chant to the Lord, and no other.* *1265*

----O----